ਸੋਮਵਾਰ
25, ਜਨਵਰੀ 2010
13 ਮਾਘ ,
ਨਾਨਕਸ਼ਾਹੀ 541

ਅੱਜ ਦੀ ਆਵਾਜ਼

ਕੀਮਤ 2 ਰੁਪਏ

ਜਲੰਧਰ
ਅੰਕ ਨੰ. 286,
ਸਾਲ 25
Postal Regd. No.
PB/0007/09-2011

www.ajdiawaaz.com **ਪੰਜਾਬ ਦੀ ਉਮੀਦ** info@ajdiawaaz.com

ਮੁੱਖ ਮੰਤਰੀ ਸ. ਬਾਦਲ ਦਿੱਲੀ ਵਿੱਚ ਕੇਂਦਰੀ ਪੈਟਰੋਲੀਅਮ ਮੰਤਰੀ ਮੁਰਲੀ ਦੇਵੜਾ ਨਾਲ ਮੁਲਾਕਾਤ ਤੋਂ ਪਹਿਲਾਂ। ਉਨ੍ਹਾਂ ਨੂੰ ਗੁਲਦਸਤਾ ਭੇਂਟ ਕਰਕੇ ਸ਼ੁਭ ਇਛਾਵਾਂ ਦਿੰਦੇ ਹੋਏ।

ਪਿੰਡਾਂ ਨੂੰ ਰਸੋਈ ਗੈਸ ਦੀ ਸਪਲਾਈ ਪੰਜਾਬ ਐਗਰੋ ਰਾਹੀਂ ਹੋਵੇ-ਬਾਦਲ

ਦਿਓਰਾ ਨੇ ਹਾਂ ਪੱਖੀ ਹੁੰਗਾਰਾ ਭਰਿਆ

ਚੰਡੀਗੜ੍ਹ/ਨਵੀਂ ਦਿੱਲੀ 24 ਜਨਵਰੀ (ਹਰੀਸ਼ ਚੰਦਰ ਬਾਗਾਂਵਾਲਾ)- ਪੰਜਾਬ ਦੇ ਦਿਹਾਤੀ ਇਲਾਕਿਆਂ ਵਿੱਚ ਐਲ.ਪੀ.ਜੀ. ਦੀ ਸਪਲਾਈ ਰਾਜ ਦੀਆਂ ਪ੍ਰਾਇਮਰੀ ਖੇਤੀਬਾੜੀ ਕੋਅਪਰੇਟਿਵ ਸ਼ਰਵਿਸ ਸ਼ੋਸ਼ਾਇਟੀਆਂ(ਪੀ.ਏ.ਸੀ.ਐਸ) ਰਾਹੀਂ ਕਵਾਉਣ ਦੇ ਸੰਬਧ ਵਿਚ ਕੇਂਦਰੀ ਪੈਟਰੋਲੀਅਮ ਅਤੇ ਕੁਦਰਤੀ ਗੈਸ ਮੰਤਰੀ ਸ੍ਰੀ ਮੁਰਲੀ ਦਿਓਰਾ ਨੇ ਹਾਂ ਪੱਖੀ ਹੁੰਗਾਰਾ ਭਰਿਆ ਹੈ। ਇਸ ਸਬੰਧੀ ਭਰੋਸ਼ਾ ਸ੍ਰੀ ਦਿਓਰਾ ਨੇ ਪੰਜਾਬ ਦੇ ਮੁੱਖ ਮੰਤਰੀ ਸ: ਪਰਕਾਸ਼ ਸਿੰਘ (ਬਾਕੀ ਸਫਾ 2 'ਤੇ)

ਕੇਂਦਰ ਨੇ ਚਾੜ੍ਹੇ ਦੋ ਚੰਦ

- **ਇਸ਼ਤਿਹਾਰ 'ਚ ਛਾਪ ਦਿੱਤਾ ਪਾਕਿ ਫੌਜ ਦਾ ਮੁਖੀ**
- **ਚਿਦੰਬਰਮ ਦੇ ਸਕੱਤਰੇਤ 'ਚ 300 ਤੋਂ ਵੱਧ ਮੁਲਾਜ਼ਮ ਫ਼ਰਜ਼ੀ**



ਨਵੀਂ ਦਿੱਲੀ, 24 ਜਨਵਰੀ (ਇੰਟ.)-ਕੇਂਦਰ ਸਰਕਾਰ ਦੀ ਨੱਕ ਹੇਠ ਵਾਪਰੀਆਂ ਦੋ ਬੱਜਰ ਗ਼ਲਤੀਆਂ ਨਾਲ ਭਾਰਤ ਦਾ ਸਿਰ ਦੇਸ਼ ਵਿੱਚ ਹੀ ਨਹੀਂ ਵਿਦੇਸ਼ ਵਿੱਚ ਵੀ ਸ਼ਰਮ ਨਾਲ ਝੁਕ ਗਿਆ ਹੈ। ਪਹਿਲੀ ਘਟਨਾ ਵਿੱਚ ਪ੍ਰਧਾਨ ਮੰਤਰੀ ਦਫ਼ਤਰ ਦੀ ਨਿਗਰਾਨੀ ਹੇਠ ਜਾਰੀ ਹੋਏ ਮਹਿਲਾ ਬਾਲ ਭਲਾਈ ਮੰਤਰਾਲੇ ਦੇ ਇਸ਼ਤਿਹਾਰ ਵਿੱਚ ਭਾਰਤੀ ਹਵਾਈ ਸੈਨਾ ਦੇ ਮੁਖੀ ਦੀ ਬਜਾਏ ਪਾਕਿਸਤਾਨ ਹਵਾਈ ਸੈਨਾ ਦੇ ਸਾਬਕਾ ਮੁਖੀ ਦੀ ਫੋਟੋ ਛਾਪ ਦਿੱਤੀ ਗਈ। ਜਦਕਿ ਦੂਸਰੀ ਘਟਨਾ ਵਿੱਚ ਕੇਂਦਰੀ ਗ੍ਰਹਿ ਮੰਤਰੀ ਪੀ. ਚਿਦੰਬਰਮ ਦੇ ਹੇਠ ਕੰਮ ਕਰਦੇ ਸਕੱਤਰੇਤ ਦੇ 18 ਅਲੱਗ-ਅਲੱਗ ਸ਼ੈਕਸ਼ਨਾਂ ਵਿੱਚ ਸੂਚੀਬੱਧ ਪੱਕੇ ਮੁਲਾਜ਼ਮਾਂ ਵਿੱਚੋਂ 300 ਤੋਂ ਵੱਧ ਮੁਲਾਜ਼ਮ ਫ਼ਰਜ਼ੀ ਹੋਣ ਦਾ ਇੰਕਸਾਫ਼ ਹੋਇਆ ਹੈ। ਚਿਦੰਬਰਮ ਵੱਲੋਂ ਆਪਣੇ ਸਕੱਤਰੇਤ ਦੀ ਹਾਜ਼ਰੀ ਲਈ ਰਜਿਸਟਰ ਦੀ ਜਗ੍ਹਾ ਬਾਇਓ ਮੈਟਿਕ ਰਜਿਸਟਰ ਲਗਾਏ ਜਾਣ ਜਿਸ ਵਿੱਚ ਮੁਲਾਜ਼ਮ ਨੂੰ ਆਪਣੇ ਅੰਗੂਠਾ ਪਾ ਕੇ ਹਾਜ਼ਰੀ ਲਗਾਉਣੀ ਪਈ ਹੈ ਤੋਂ ਬਾਅਦ 300 ਤੋਂ ਵੱਧ ਮੁਲਾਜ਼ਮ ਡਿਊਟੀ 'ਤੇ ਵਾਪਸ ਨਹੀਂ ਪਰਤੇ। ਰਿਕਾਰਡ ਮੁਤਾਬਿਕ ਪਿਛਲੇ ਮਹੀਨਿਆਂ ਵਿੱਚ ਕੁੱਲ 1549 ਮੁਲਾਜ਼ਮ ਸਰਕਾਰ ਤੋਂ ਤਨਖਾਹ ਲੈਂਦੇ ਰਹੇ ਜਦਕਿ ਬਾਇਓ ਮੈਟਿਕ ਰਜਿਸਟਰ ਆਉਣ 'ਤੇ 1223 ਮੁਲਾਜ਼ਮ ਹੀ (ਬਾਕੀ ਸਫਾ 2 'ਤੇ)

ਲੱਖਾਂ ਵਿਚਾਰ ਅਧੀਨ ਕੈਦੀਆਂ ਦੀ ਰਿਹਾਈ ਜਲਦੀ

ਦੇਸ਼ ਦੀਆਂ ਟਰਾਇਲ ਕੋਰਟਾਂ ਵਿੱਚ ਇਸ ਸਮੇਂ ਕਰੀਬ 2.70 ਕਰੋੜ ਕੇਸ ਪੈਂਡਿੰਗ ਹਨ। ਇਨ੍ਹਾਂ ਵਿੱਚ 40 ਲੱਖ ਕੇਸ ਰਾਜਾਂ ਦੀਆਂ ਵੱਖ-ਵੱਖ ਹਾਈਕੋਰਟਾਂ ਵਿੱਚ ਅਤੇ 53000 ਹਜਾਰ ਕੇਸ ਸੁਪਰੀਮ ਕੋਰਟ ਵਿੱਚ ਵਿਚਾਰ ਅਧੀਨ ਹਨ

ਚੰਡੀਗੜ੍ਹ, 24 ਜਨਵਰੀ (ਹਰੀਸ਼ ਚੰਦਰ ਬਾਗਾਂਵਾਲਾ)-ਮਾਮੂਲੀ ਜੁਰਮ ਕਰਨ ਦੇ ਦੋਸ਼ ਵਿੱਚ ਦੇਸ਼ ਭਰ ਦੀਆਂ ਜੇਲ੍ਹਾਂ ਵਿੱਚ ਕੈਦ ਕੱਟ ਰਹੇ ਲੱਖਾਂ ਵਿਚਾਰ-ਅਧੀਨ ਕੈਦੀਆਂ ਦੀ ਰਿਹਾਈ ਦੀ ਆਸ ਹੋਈ ਹੈ। ਵਿਚਾਰ ਅਧੀਨ ਕੈਦੀਆਂ ਦੀ ਗਿਣਤੀ ਦਿਨ ਪਰ ਦਿਨ ਵੱਧ ਜਾਣ ਕਾਰਨ ਕੇਂਦਰ ਸਰਕਰਾ ਲਈ ਇੱਕ ਚਿੰਤਾ ਦਾ ਵਿਸ਼ਾ ਬਣ ਗਿਆ ਹੈ। ਕੇਂਦਰੀ ਕਾਨੂੰਨ ਮੰਤਰੀ ਵੀਰੱਪਾ ਮੋਇਲੀ ਨੇ ਸੁਪਰੀਮ ਕੋਰਟ ਦੇ ਚੀਫ ਜਸਟਿਸ ਕੇ.ਜੀ. ਬਾਲਾਕ੍ਰਿਸ਼ਨ ਅਤੇ ਰਾਜੇਸ਼ ਦੇ ਸਾਰ ਹਾਈਕੋਰਟਾਂ ਦੇ ਚੀਫ ਜਸਟਿਸਾਂ ਨੂੰ ਲਿਖੇ ਪੱਤਰਾਂ ਵਿੱਚ ਕਿਹਾ ਹੈ ਕਿ ਸਮਾਂ ਰਹਿੰਦੇ ਹਾਲਾਤ ਤੋਂ ਨਿਪਟਣ ਲਈ ਇੱਕ ਪ੍ਰੋਗਰਾਮ ਸ਼ੁਰੂ ਕਰਨ ਦੀ ਬੇਨਤੀ ਕੀਤੀ ਹੈ। ਦੇਸ਼ ਦੀ ਟਰਾਈਲ ਕੋਰਟਾਂ ਵਿੱਚ ਇਸ ਸਮੇਂ ਕਰੀਬ 2.70 ਕਰੋੜ ਕੇਸ ਪੈਡਿੰਗ ਹਨ। ਇਨ੍ਹਾਂ ਵਿੱਚ 40 ਲੱਖ ਕੇਸ ਰਾਜਾਂ ਦੀਆਂ ਵੱਖ-ਵੱਖ ਹਾਈਕੋਰਟਾਂ ਵਿੱਚ ਅਤੇ 53000 ਹਜਾਰ ਕੇਸ ਸੁਪਰੀਮ ਕੋਰਟ ਵਿੱਚ ਵਿਚਾਰ ਅਧੀਨ ਹਨ। ਇਨ੍ਹਾਂ ਦੀ ਕਪੈਸਟੀ ਤੋਂ 120 ਫੀਸਦੀ ਜਿਆਦਾ ਹਨ। ਇਸ ਮਾਮਲੇ ਵਿੱਚ ਪੰਜਾਬ ਦੂਸਰੇ ਅਸਥਾਨ ਤੇ ਹੈ। ਕੁੱਝ ਅਰਸਾ ਪਹਿਲਾ ਇੱਕ ਪ੍ਰੋਗਰਾਮ ਵਿੱਚ ਭਾਰਤ ਦੇ ਸੁਪਰੀਮ ਕੋਰਟ ਦੇ ਚੀਫ ਜਸਟਿਸ ਕੇ.ਜੀ.ਬਾਲਾਕ੍ਰਿਸ਼ਨ ਨੇ ਕਿਹਾ ਸੀ ਕਿ ਵਿਚਾਰ ਅਧੀਨ ਕੈਦੀਆਂ ਵਿੱਚ 70 ਫੀਸਦੀ ਅਜਿਹੇ ਹਨ, ਜਿਨ੍ਹਾਂ ਦਾ ਸਬੰਧ ਮਾਮੂਲੀ ਅਪਰਾਧਾਂ ਨਾਲ ਹੈ। ਕੇਂਦਰੀ ਕਾਨੂੰਨ ਮੰਤਰੀ ਐੱਮ.ਵੀਰੱਪਾ ਮੋਹਾਲੀ ਪੰਜਾਬ, ਹਰਿਆਣਾ ਜੰਮੂ ਕਸ਼ਮੀਰ ਅਤੇ ਹਿਮਾਚਲ ਪ੍ਰਦੇਸ਼ ਅਤੇ ਜੰਮੂ-ਕਸ਼ਮੀਰ ਵਿੱਚ ਇਸ ਪ੍ਰੋਗਰਾਮ ਦੀ ਕਾਮਯਾਬੀ ਅਤੇ ਜੰਮੂ ਕਸ਼ਮੀਰ ਵਿੱਚ ਇਸ ਪ੍ਰੋਗਰਾਮ ਦੀ ਕਾਮਯਾਬੀ ਲਈ ਐਡੀਸ਼ਨਲ ਸੋਲੀਸੀਟਰ ਜਨਰਲ ਮੋਹਨ ਜੈਨ ਦੀ ਨਿਗਰਾਨੀ ਵਿੱਚ ਜ਼ਿੰਮੇਵਾਰੀ ਸੰਭਾਲੀ ਹੈ। ਜੈਨ ਹਰਿਆਣਾ ਦੇ ਐਡਵੋਕੇਟ ਜਨਰਲ ਵੀ ਰਹਿ ਚੁੱਕੇ ਹਨ।

ਐਲਨਾਬਾਦ ਸੀਟ ਦੀ ਹਾਰ ਬਾਅਦ ਹੁੱਡਾ ਦੀਆਂ ਵਧੀਆਂ ਪ੍ਰੇਸ਼ਾਨੀਆਂ

ਚੰਡੀਗੜ੍ਹ, 24 ਜਨਵਰੀ (ਹਰੀਸ਼ ਚੰਦਰ ਬਾਗਾਂਵਾਲਾ)-ਹਰਿਆਣਾ ਦੀ ਸਿਆਸਤ ਵਿੱਚ ਏਲਨਾਬਾਦ ਅਸੈਂਬਲੀ ਹਲਕੇ ਦਾ ਨਤੀਜਾ ਆ ਜਾਣ ਨਾਲ ਹੁਣ ਸਰਕਾਰ ਅਤੇ ਆਪੋਜ਼ੀਸ਼ਨ ਵਿੱਚ ਇੱਕ ਨਵੀਂ ਸਿਆਸੀ ਲੜਾਈ ਛਿੜ ਗਈ ਹੈ। ਇਸ ਨਤੀਜੇ ਨੂੰ ਕਾਂਗਰਸ ਅਤੇ ਇਨੇਲਾ ਦੋਵੇਂ ਆਪਣੇ-ਆਪਣੇ ਹੱਕ ਵਿੱਚ ਦੱਸ ਕੇ ਇਸ ਨੂੰ ਸਿਆਸੀ ਜੰਗ ਦਾ ਮੈਦਾਨ ਬਣਾਉਣਾ ਨਹੀਂ ਚਾਹੁੰਦੇ। ਵੈਸੇ ਇਹ ਸੀਟ ਹਾਰਨ ਨਾਲ ਜਿੱਥੇ ਹਰਿਆਣਾ ਵਿੱਚ ਹਾਕਮ ਪਾਰਟੀ ਕਾਂਗਰਸ ਨੂੰ ਭਾਰੀ ਧੱਕਾ ਤੇ ਝਟਕਾ ਲੱਗਾ ਹੈ। ਉੱਥੇ ਉਸ ਦੇ ਵੋਟ ਬੈਂਕ ਵਿੱਚ ਭਾਰੀ ਵਾਧਾ ਹੋਇਆ ਹੈ ਜੋ ਕਿ ਪਹਿਲ ਅਸੈਂਬਲੀ ਚੋਣਾਂ ਦੇ ਮੁਕਾਬਲੇ ਉਸ ਦੀ ਹਾਰ ਕਾਫੀ ਘੱਟ ਗਈ ਹੈ। ਕਾਂਗਰਸ ਦਾ ਕਹਿਣਾ ਹੈ ਕਿ ਆਮ ਅਸੈਂਬਲੀ ਚੋਣਾਂ ਵਿੱਚ ਓਮ ਪ੍ਰਕਾਸ਼ ਚੌਟਾਲਾ ਨੇ ਇਹ ਸੀਟ 16423 ਵੋਟਾਂ ਨਾਲ ਜਿੱਤੀ ਸੀ, ਜਦੋਂ ਕਿ ਹੁਣ 100 ਕਰੋੜ ਰੁਪਏ ਖਰਚ ਕਰਨ ਤੋਂ ਬਾਅਦ ਕੇਵਲ 6237 ਵੋਟਾਂ ਦ ਨਾਲ ਜਿੱਤ ਦਿਵਾਉਣ ਵਿੱਚ ਸਫਲ ਰਹੇ ਹਨ। ਦੂਸਰੇ ਪਾਸੇ ਇਨੈਲੋ ਇੰਡੀਆ ਨੈਸ਼ਨਲ ਲੋਕਲ ਦਲ ਦੇ ਪ੍ਰਧਾਨ ਓਮ ਪ੍ਰਕਾਸ਼ ਚੌਟਾਲਾ ਨੇ ਕਿਹਾ ਕਿ ਏਲਨਾਬਾਦ ਅਸੈਂਬਲੀ ਸੀਟ ਜਿੱਤਣ ਨਾਲ ਇਨੈਲੋ ਦੀ ਪੁਜ਼ੀਸ਼ਨ ਮਜ਼ਬੂਤ ਹੋਈ ਹੈ। ਇਸ ਨਾਲ ਇਨੈਲੋ ਵਰਕਰਾਂ ਦਾ ਹੌਂਸਲਾ ਤੇ ਮਨੋਬਲ ਵਧੇਗਾ। ਉਨ੍ਹਾਂ ਨੇ ਪ੍ਰੈੱਸ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਇਹ ਚੋਣ ਦਾ ਨਤੀਜਾ ਕਾਂਗਰਸ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਖਿਲਾਫ ਫਤਵਾ ਹੈ। ਉਨ੍ਹਾਂ ਕਿਹਾ ਕਿ ਹੁਣ ਇੰਡੀਅਨ ਨੈਸ਼ਨਲ ਲੋਕ ਦਲ ਸਰਕਾਰ ਵਿਰੁੱਧ ਲੜਾਈ ਨੂੰ ਬਿਹਤਰ ਢੰਗ ਨਾਲ ਲੜਨ ਦੇ ਸਮਰੱਥ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਹੁਡਾ ਸਰਕਾਰ ਨੇ ਇਹ ਜਿਮਨੀ ਚੋਣਾਂ ਲਈ ਆਪਣਾ ਸਾਰਾ ਜੋਰ ਲਗਾ ਲਿਆ। ਇਸ (ਬਾਕੀ ਸਫਾ 2 'ਤੇ)

ਇਰਾਨ 'ਚ ਜਹਾਜ਼ ਨੂੰ ਅੱਗ, 46 ਯਾਤਰੀ ਝੁਲਸੇ

ਤਹਿਰਾਨ, 24 ਜਨਵਰੀ (ਵਿਸ਼ਵ ਵਾਰਤਾ)-ਇਰਾਨ ਵਿੱਚ ਇੱਕ ਘਰੇਲੂ ਯਾਤਰੀ ਜਹਾਜ਼ ਵਿੱਚ ਅੱਜ ਉਤਰਦੇਸਮੇਂ ਅੱਗ ਲੱਗ ਗਈ ਜਿਸ ਕਰਕੇ 46 ਯਾਤਰੀ ਜ਼ਖਮੀ ਹੋ ਗਏ। ਐਮਰਜੈਂਸੀ ਮੈਡੀਕਲ ਸੇਵਾ ਦੇ ਪ੍ਰਮੁੱਖ ਨੇ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਜਹਾਜ਼ ਵਿੱਚ ਸਵਾਰ 157 ਯਾਤਰੀਆਂ ਵਿੱਚੋਂ 46 ਉਸ ਸਮੇਂ ਝੁਲਸ ਕੇ ਜ਼ਖਮੀ ਹੋ ਗਏ ਜਦੋਂ ਉਹ ਮਸ਼ਾਦ ਸ਼ਹਿਰ ਦੇ ਹਵਾਈ ਅੱਡੇ 'ਤੇ ਉਤਰਨ ਦੀ ਕੋਸ਼ਿਸ਼ ਕਰ ਰਿਹਾ ਸੀ। ਉਹਨਾਂ ਦੱਸਿਆ ਕਿ ਇਸ ਹਾਦਸੇ ਵਿੱਚ ਕਿਸੇ ਦੇ ਮਾਰੇ ਜਾਣ ਦੀ ਖ਼ਬਰ ਨਹੀਂ ਹੈ। ਹਾਦਸੇ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ।

ਸੁਡਾਨ ਦਾ ਵਫਦ ਬਾਦਲ ਨੂੰ ਮਿਲਿਆ

ਪੰਜਾਬ ਖੇਤੀ 'ਚ ਸੁਡਾਨ ਨਾਲ ਹੱਥ ਮਿਲਾਏਗਾ

ਚੰਡੀਗੜ੍ਹ/ ਨਵੀਂ ਦਿੱਲੀ 24 ਜਨਵਰੀ (ਹਰੀਸ਼ ਚੰਦਰ ਬਾਗਾਂਵਾਲਾ) ਪੰਜਾਬ ਸੁਡਾਨ ਦੇ ਖਾਰਤੋਮ ਰਾਜ ਦੇ ਨਾਲ ਖੇਤੀਬਾੜੀ, ਸਿਖਿਆ, ਆਈ.ਟੀ ਅਤੇ ਉਦਯੋਗਿਕ ਸੈਕਟਰ ਵਿਚ ਸਾਂਝੇ ਉਦਮ ਸ਼ੁਰੂ ਕਰੇਗਾ। ਇਹ ਭਰੋਸਾ ਪੰਜਾਬ ਦੇ ਮੁੱਖ ਮੰਤਰੀ ਸ੍ਰ: ਪਰਕਾਸ਼ ਸਿੰਘ ਬਾਦਲ ਨੇ ਸੁਡਾਨ ਸਰਕਾਰ ਦੇ ਇਕ ਉਚ ਪੱਧਰੀ ਵਫਦ ਨੂੰ ਉਸ ਵੇਲੇ ਦੁਵਾਇਆ ਜਦੋਂ ਉਹ ਖਾਰਤੋਮ ਰਾਜ ਦੇ ਗਵਰਨਰ ਡਾ: ਅਬਦੁਲ ਰਹਿਮਾਨ ਏ ਅਲ ਖਿਦਰ ਦੀ ਅਗੁਵਾਈ ਵਿਚ ਕਪੂਰਥਲਾ ਹਾਉਸ ਵਿਖੇ ਅੱਜ ਸਵੇਰੇ ਉਨ੍ਹਾਂ ਨੂੰ ਮਿਲਿਆ। ਦੌਰੇ 'ਤੇ ਆਏ ਗਵਰਨਰ ਦੇ ਨਾਲ ਨਵੀਂ ਦਿੱਲੀ ਵਿਖੇ ਸੁਡਾਨ ਗਣਰਾਜ ਦੇ ਰਾਜਦੂਤ ਸ੍ਰੀ ਖਿਦਰ ਹਰੋਨ ਅਹਿਮਦ, ਮੰਤਰੀ ਅਤੇ ਆਰਥਿਕ, ਵਪਾਰ ਅਤੇ ਨਿਵੇਸ਼ ਦੇ ਮੁੱਖੀ ਸ੍ਰੀ ਇਲਿਸਾ ਦਿਗ ਅਬਦੁਲਾ ਅਲਿਆਸ ਦਿਆਬ ਅਤੇ ਖਾਰਤੋਮ ਰਾਜ ਦੇ ਖੇਤੀਬਾੜੀ ਮੰਤਰੀ ਸ੍ਰੀ ਸਿਦਿਗ ਮੋਹ ਅਲੀ ਇਲਸੇਖ ਵੀ ਸਨ। ਵਿਚਾਰ ਚਰਚਾ ਵਿਚ ਹਿੱਸਾ ਲੈਂਦੇ ਹੋਏ ਖਾਰਤੋਮ ਦੇ ਗਵਰਨਰ ਨੇ ਪੰਜਾਬ ਨਾਲ ਦਵੱਲਾ ਵਪਾਰ ਸੁਰੂ ਕਰਨ ਵਿਚ ਭਾਰੀ ਦਿਲਚਸਪੀ (ਬਾਕੀ ਸਫਾ 2 'ਤੇ)

ਜੰਮੂ-ਕਸ਼ਮੀਰ 'ਚ ਹਥਿਆਰਾਂ ਦਾ ਵੱਡਾ ਜ਼ਖੀਰਾ ਬਰਾਮਦ

ਸ੍ਰੀਨਗਰ, 24 ਜਨਵਰੀ (ਵਿਸ਼ਵ ਵਾਰਤਾ)-ਗਣਤੰਤਰ ਦਿਵਸ ਤੋਂ ਦੋ ਦਿਨ ਪਹਿਲਾਂ ਜੰਮੂ-ਕਸ਼ਮੀਰ ਪੁਲਿਸ ਨੇ ਉਤਰੀ ਕਸ਼ਮੀਰ ਦੇ ਬਾਰਾਮੁੱਲਾ ਜ਼ਿਲ੍ਹੇ ਵਿੱਚ ਅੱਜ 10 ਕਿਲੋਗ੍ਰਾਮ ਆਰ.ਡੀ.ਐਕਸ. ਅਤੇ 100 ਗ੍ਰੇਨੇਡ ਸਮੇਤ ਹਥਿਆਰਾਂ ਅਤੇ ਵਿਸਫੋਟਕਾਂ ਦਾ ਇੱਕ ਵੱਡਾ ਜ਼ਖੀਰਾ ਬਰਾਮਦ ਕਰਕੇ ਅੱਤਵਾਦੀ ਹਮਲਿਆਂ ਦੀ ਸਾਜ਼ਿਸ ਨੂੰ ਅਸਫ਼ਲ ਕਰ ਦਿੱਤਾ। ਇੱਕ ਪੁਲਿਸ ਬੁਲਾਰੇ ਨੇ ਦੱਸਿਆ ਕਿ ਪੁਲਿਸ ਨੇ ਇੱਕ ਗੁਪਤ ਸੂਚਨਾ ਦੇ ਆਧਾਰ 'ਤੇ ਇੱਥੋਂ 32 ਕਿਲੋਮੀਟਰ ਦੂਰ ਚੀਫ.ਏ.ਮੂਸਾ ਵਿੱਚ ਛਾਪਾ ਮਾਰਿਆ ਅਤੇ ਇਸ ਜ਼ਖੀਰੇ ਨੂੰ ਬਰਾਮਦ ਕੀਤਾ। ਉਹਨਾਂ ਦੱਸਿਆ ਕਿ ਹਥਿਆਰਾਂ ਅਤੇ ਵਿਸਫੋਟਕਾਂ ਨੂੰ ਸ੍ਰੀਨਗਰ ਪਹੁੰਚਾਇਆ ਜਾਣਾ ਸੀ ਜਿਸ ਦਾ ਮਕਸਦ ਅੱਤਵਾਦੀ ਗਤੀਵਿਧੀਆਂ ਨੂੰ ਅੰਜਾਮ ਦੇਣਾ ਸੀ। ਹਥਿਆਰਾਂ ਦੇ ਜ਼ਖ਼ਰੀ ਵਿੱਚ 51 ਗ੍ਰੇਨੇਡ ਲਾਂਚਰ, 57 ਗ੍ਰੇਨੇਡ ਅਤੇ 10 ਕਿਲੋਗ੍ਰਾਮ ਆਰ.ਡੀ.ਐਕਸ. ਸ਼ਾਮਲ ਹੈ। ਪੁਲਿਸ ਨੇ ਇੱਕ ਮਸ਼ੀਨਗਨ, ਚਾਰ ਵਾਇਰਲੈਸ ਸੈਟ, 28 ਇਲੈਕਟਰੋਨਿਕ ਸਰਕਿਟ, 13 ਮੋਰਟਾਰ ਦੇ ਗੋਲੇ ਅਤੇ ਏਕੇ ਰਾਈਫਲ ਦੀਆਂ 2100 ਗੋਲੀਆਂ ਤੋਂ ਇਲਾਵਾ ਹੋਰ ਗੋਲਾ ਬਾਰੂਦ ਵੀ ਬਰਾਮਦ ਕੀਤੇ। ਉਥੇ ਹੀ ਇਸ ਛਾਪੇ ਦੀ ਕਾਰਵਾਈ ਦੌਰਾਨ ਕਿਸੇ ਨੂੰ ਵੀ ਗ੍ਰਿਫ਼ਤਾਰ ਨਹੀਂ ਕੀਤਾ ਗਿਆ ਹੈ।

ਲਾਇਲਪੁਰ ਖਾਲਸਾ ਕਾਲਜ ਜਲੰਧਰ ਵੱਲੋਂ 100 ਸਾਲ ਪੂਰੇ ਹੋਣ 'ਤੇ ਵਿਸ਼ੇਸ਼ ਸ਼ਤਾਬਦੀ ਸਮਾਰੋਹ 5 ਅਤੇ 6 ਫਰਵਰੀ ਨੂੰ

ਗਵਰਨਿੰਗ ਕੌਂਸਲ ਦੇ ਪ੍ਰਧਾਨ ਬੀਬੀ ਬਲਬੀਰ ਕੌਰ, ਪ੍ਰਿੰਸੀਪਲ ਡਾ. ਜਸਪਾਲ ਸਿੰਘ ਰੰਧਾਵਾ ਵੱਲੋਂ ਦੇਸ਼ ਵਿਦੇਸ਼ ਦੇ ਕਾਲਜ ਨਾਲ ਸੰਬੰਧਤ ਵਰਗਾਂ ਨੂੰ ਸਮਾਗਮਾਂ ਵਿੱਚ ਸ਼ਾਮਲ ਹੋਣ ਦਾ ਖੁੱਲ੍ਹਾ ਸੱਦਾ

ਪ੍ਰੈੱਸ ਕਾਨਫਰੰਸ ਦੌਰਾਨ ਕਾਲਜ ਦੇ ਵਿਦਿਆਰਥੀ ਰਹੇ ਗਾਇਕ ਮਲਕੀਤ ਸਿੰਘ ਤੇ ਸਰਬਜੀਤ ਚੀਮਾ ਨਾਲ ਬੀਬੀ ਬਲਬੀਰ ਕੌਰ, ਡਾ. ਜਸਪਾਲ ਸਿੰਘ ਰੰਧਾਵਾ ਤੇ ਪ੍ਰੋ. ਗੁਰਵਿੰਦਰ ਸਿੰਘ ਸਮਰਾ। ਫੋਟੋ: ਕੁਲਦੀਪ ਸਿੰਘ

ਜਲੰਧਰ, 24 ਜਨਵਰੀ (ਹਰਪ੍ਰੀਤ ਸਿੰਘ ਲੇਹਿਲ)-ਦੇਸ਼ ਵਿਦੇਸ਼ ਵਿੱਚ ਸਿੱਖ ਪੰਥ ਅਤੇ ਪੰਜਾਬ ਦਾ ਮਾਣ ਵਧਾਉਣ ਵਿੱਚ ਪ੍ਰਮੁੱਖ ਭੂਮਿਕਾ ਨਿਭਾਉਣ ਵਾਲੇ ਜਲੰਧਰ ਦੇ ਲਾਇਲਪੁਰ ਖਾਲਸਾ ਕਾਲਜ ਦੀ ਸਥਾਪਨਾ ਦੇ ਸੌ ਸਾਲ ਪੂਰੇ ਹੋਣ ਸੰਬੰਧੀ ਵਿਸ਼ੇਸ਼ ਸ਼ਤਾਬਦੀ ਸਮਾਰੋਹ 5 ਅਤੇ 6 ਫਰਵਰੀ ਨੂੰ ਆਯੋਜਿਤ ਕੀਤੇ ਜਾ ਰਹੇ ਹਨ। ਇਹ ਜਾਣਕਾਰੀ ਦਿੰਦਿਆਂ ਅੱਜ ਲਾਇਲਪੁਰ ਖਾਲਸਾ ਕਾਲਜ ਦੀ ਗਵਰਨਿੰਗ ਕੌਂਸਲ ਦੇ ਪ੍ਰਧਾਨ ਬੀਬੀ ਬਲਬੀਰ ਕੌਰ ਅਤੇ ਕਾਲਜ ਦੇ ਪ੍ਰਿੰਸੀਪਲ ਡਾ. ਜਸਪਾਲ ਸਿੰਘ ਰੰਧਾਵਾ ਨੇ ਵਿਸ਼ੇਸ਼ ਮਹਿਮਾਨ ਲੋਕ ਗਾਇਕ ਮਲਕੀਤ ਸਿੰਘ ਅਤੇ ਗਾਇਕ ਸਰਬਜੀਤ ਚੀਮਾ ਦੀ ਹਾਜ਼ਰੀ ਵਿੱਚ ਪੱਤਰਕਾਰਾਂ ਨੂੰ ਦੱਸਿਆ ਕਿ ਇਨ੍ਹਾਂ ਸ਼ਤਾਬਦੀ ਸਮਾਰੋਹਾਂ ਦਾ ਆਰੰਭ 5 ਫਰਵਰੀ ਨੂੰ ਸਵੇਰੇ ਧਾਰਮਿਕ ਸਮਾਗਮ ਨਾਲ ਹੋਵੇਗਾ, ਜਿਸ ਵਿੱਚ ਪ੍ਰਸਿੱਧ ਕੀਰਤਨੀ ਜਥੇ ਪਦਮਸ੍ਰੀ ਭਾਈ ਨਿਰਮਲ ਸਿੰਘ ਅਤੇ ਭਾਈ ਬਲਵਿੰਦਰ ਸਿੰਘ ਰੰਗੀਲਾ ਗੁਰਬਾਣੀ ਸ਼ਬਦਾਂ ਦਾ ਗਾਇਨ ਕਰਨਗੇ। ਸਿੰਘ ਸਾਹਿਬ ਗਿਆਨੀ ਜਸਵਿੰਦਰ ਸਿੰਘ ਮੁੱਖ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਸੰਗਤਾਂ ਨਾਲ ਗੁਰਮਤਿ ਵਿਚਾਰਾਂ ਸਾਂਝੀਆਂ ਕਰਨਗੇ। ਸ਼ਾਮ 4 ਵਜੇ ਕਾਲਜ ਦੇ ਪੁਰਾਣੇ ਵਿਦਿਆਰਥੀਆਂ ਦੀ ਵਿਸ਼ੇਸ਼ ਇਕੱਤਰਤਾ ਹੋਵੇਗੀ, ਜਿਸ ਦੌਰਾਨ ਵੱਖ-ਵੱਖ ਖੇਤਰਾਂ ਵਿੱਚ ਵੱਡੀਆਂ ਪ੍ਰਾਪਤੀਆਂ ਕਰਕੇ ਇਸ ਕਾਲਜ ਦਾ ਨਾਂਅ ਰੌਸ਼ਨ ਕਰਨ ਵਾਲੇ ਪੁਰਾਣੇ ਵਿਦਿਆਰਥੀ ਨਵੇਂ ਵਿਦਿਆਰਥੀਆਂ ਨੂੰ ਆਪਣੇ ਤਜਰਬਿਆਂ ਤੋਂ ਜਾਣੂੰ ਕਰਵਾਉਂਦਿਆਂ ਜ਼ਿੰਦਗ ਵਿੱਚ ਵੱਡੀਆਂ ਪ੍ਰਾਪਤੀਆਂ ਕਰਨ ਦੇ ਰਾਹ ਦੱਸਣਗੇ। ਇਸ ਉਪਰੰਤ ਸ਼ਾਮ 6 ਵਜੇ ਕਾਲਜ ਵਿੱਚ ਵਿਸ਼ੇਸ਼ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਜਾਵੇਗਾ, ਜਿਸ ਵਿੱਚ ਕਾਲਜ ਦੇ ਹੀ ਵਿਦਿਆਰਥੀ (ਬਾਕੀ ਸਫਾ 2 'ਤੇ)

ਔਰਤਾਂ ਨੂੰ ਤਿਆਰ ਕਰ ਰਿਹਾ ਹੈ ਅਲਕਾਇਦਾ

ਵਾਸ਼ਿੰਗਟਨ, 24 ਜਨਵਰੀ (ਵਿਸ਼ਵ ਵਾਰਤਾ)-ਕ੍ਰਿਸਮਿਸ ਦੇ ਦਿਨ ਅਮਰੀਕੀ ਹਵਾਈ ਜਹਾਜ਼ ਵਿੱਚ ਧਮਾਕਾ ਕਰਨ ਦੀ ਸਾਜ਼ਿਸ ਰਚਣ ਵਾਲੇ ਯਮਨ ਸਥਿਤ ਅਲਕਾਇਦਾ ਅੱਤਵਾਦੀ ਪੱਛਮੀ ਦੇਸ਼ਾਂ 'ਤੇ ਆਤਮਘਾਤੀ ਹਮਲਿਆਂ ਲਈ ਅਜਿਹੀਆਂ ਔਰਤਾਂ ਨੂੰ ਤਿਆਰ ਕਰ ਰਿਹਾ ਹੈ ਜਿਹਨਾਂ ਦੇ ਕੋਲ ਪੱਛਮੀ ਨਾਗਰਿਕਤਾ ਹੈ ਅਤੇ ਜਿਹਨਾਂ ਦਾ ਅਰਬ ਦੇਸ਼ਾਂ ਦੇ ਨਾਲ ਕੋਈ ਸੰਬੰਧ ਨਹੀਂ ਹੈ। ਵ੍ਹਾਇਟ ਹਾਉਸ ਦੇ ਸਾਬਕਾ ਅੱਤਵਾਦ ਵਿਰੋਧੀ ਸਲਾਹਕਾਰ ਰਿਚਰਡ ਕਲਾਰਕ ਨੇ ਕਿਹਾ ਕਿ ਅੱਤਵਾਦੀ ਔਰਤਾਂ ਨੂੰ ਸਿਖਲਾਈ ਦੇ ਰਹੇ ਹਨ। ਅਜਿਹੀਆਂ ਔਰਤਾਂ ਨੂੰ ਤਿਆਰ ਕੀਤਾ ਜਾ ਰਿਹਾ ਹੈ ਜਿਹਨਾਂ ਦਾ ਸੰਬੰਧ ਅਰਬ ਦੇ ਨਾਲ ਵੀ ਨਹੀਂ ਹੈ ਅਤੇ ਉਹਨਾਂ ਦਾ ਪਿਛਲਾ ਰਿਕਾਰਡ ਵੀ ਅਪਰਾਧਿਕ ਨਹੀਂ ਹੈ। ਅਧਿਕਾਰੀਆਂ ਨੇ ਕਿਹਾ ਕਿ ਹਵਾਈ ਜਹਾਜ਼ਾਂ ਤੋਂ ਇਲਾਵਾ ਆਵਾਜਾਈ ਦੇ ਹੋਰਨਾਂ ਸਾਧਨਾਂ 'ਤੇ ਵੀ ਹਮਲਾ ਹੋ ਸਕਦਾ ਹੈ। ਉਹਨਾਂ ਨੇ ਕਿਹਾ ਕਿ ਖੇਡ ਦੇ ਮੈਦਾਨ, ਬੰਦਰਗਾਹ ਅਤੇ ਬਿਜਲੀ ਘਰ ਵੀ ਅੱਤਵਾਦੀਆਂ ਦੇ ਨਿਸ਼ਾਨੇ ਉਤੇ ਹਨ।

ਪੰਥਕ ਸਖਸ਼ੀਅਤਾਂ ਨੂੰ ਪੰਥ ਵਿੱਚੋਂ ਛੇਕਣ ਵਾਲਾ ਅੱਜ ਖੁਦ ਪੰਥ ਦੀ ਸਰਬ ਉਚ ਅਦਾਲਤ ਨੂੰ ਕਰ ਰਿਹਾ ਹੈ ਚੈਲੇਂਜ

ਨੰਗਲ, 24 ਜਨਵਰੀ (ਗੁਰਬਿੰਦਰ ਸਿੰਘ ਜੰਡੀਰ)-ਕੋਈ ਸਮਾਂ ਸੀ ਜਦੋਂ ਪ੍ਰੋ. ਦਰਸ਼ਨ ਸਿੰਘ ਸਾਬਕਾ ਜੱਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਨੂੰ ਕੌਮ ਨੇ ਉਨ੍ਹਾਂ ਦੀਆਂ ਧਰਮ ਅਤੇ ਸਿੱਖ ਕੌਮ ਲਈ ਪਾਏ ਯੋਗਦਾਨ ਲਈ ਉਨ੍ਹਾਂ ਨੂੰ ਸਿੱਖ ਕੌਮ ਦੀ ਸਰਵ-ਉੱਚ ਅਦਾਲਤ ਸ੍ਰੀ ਅਕਾਲ ਤਖਤ ਸਾਹਿਬ ਦੀ ਜੱਥੇਦਾਰੀ ਦਾ ਨਿੱਘ ਵੀ ਮਾਣਿਆ ਅਤੇ ਸੰਸਾਰ ਭਰ ਵਿੱਚ ਮਾਣ-ਸਨਮਾਨ ਵੀ ਬਤੌਰ ਜੱਥੇਦਾਰ ਪ੍ਰਾਪਤ ਕੀਤਾ। ਇਹ ਉਹੀ ਜੱਥੇਦਾਰ ਸੀ ਜਿਹੜਾ ਤਖਤ ਸਾਹਿਬ ਦਾ ਜੱਥੇਦਾਰ ਹੁੰਦਿਆਂ ਹੋਇਆਂ ਸਿੱਖ ਧਰਮ ਵਿਰੋਧੀ ਵਿਦਵਾਨਾਂ ਨੂੰ ਆਪਣੇ ਮਹਾਨ ਵਿਚਾਰਾਂ ਨਾਲ ਸਿੱਖ ਧਰਮ ਅਤੇ ਸਿੱਖ ਕੌਮ ਦੇ ਮਸਲਿਆਂ ਦੇ ਹੱਲ ਲਈ ਸੋਚਣ ਨੂੰ ਮਜ਼ਬੂਰ ਕਰ ਦਿੰਦਾ ਸੀ, ਪਰ ਅੱਜ ਉਹੀ ਜੱਥੇਦਾਰ ਗੁਰੂ ਸਾਹਿਬਾਨ ਦੇ ਖਿਲਾਫ ਪ੍ਰਗਟ ਕੀਤੇ ਵਿਚਾਰਾਂ ਦੇ ਕਾਰਣ ਜਦੋਂ ਸ੍ਰੀ ਅਕਾਲ ਤਖਤ ਸਾਹਿਬ ਤੇ ਅੱਜ ਮੌਜੂਦਾ ਜੱਥੇਦਾਰਾਂ ਵੱਲੋਂ ਸਪੱਸ਼ਟੀਕਰਨ ਦੇਣ ਲਈ ਸੱਦਿਆ ਜਾ ਰਿਹਾ ਹੈ ਤਾਂ ਇਹ ਸਾਬਕਾ ਜੱਥੇਦਾਰ ਸਿੱਖ ਕੌਮ ਦੀ ਸਰਵਉੱਚ ਅਦਾਲਤ ਸ੍ਰੀ ਅਕਾਲ ਤਖਤ ਸਾਹਿਬ ਨੂੰ ਵੰਗਾਰ ਰਿਹਾ ਹੈ। ਪ੍ਰੋ. ਦਰਸ਼ਨ ਸਿੰਘ ਨੂੰ ਆਪਣੇ ਕਾਰਜ ਕਾਲ ਸਮੇਂ ਪੰਥਕ ਸਖਸ਼ੀਅਤਾਂ ਨੂੰ ਉਨ੍ਹਾਂ ਦੇ ਦੁਆਰਾ ਕੀਤੇ ਜਾਣੇ-ਅਣਜਾਣੇ ਵਿੱਚ ਗੁਨਾਹਾਂ ਦੇ ਬਦਲੇ ਸਜਾਵਾਂ ਦੇਣ ਦੇ ਹੁਕਮਾਂ ਨੂੰ ਯਾਦ ਕਰਨਾ ਚਾਹੀਦਾ ਹੈ। ਪ੍ਰੋ. ਦਰਸ਼ਨ ਸਿੰਘ ਨੂੰ ਇਹ ਗੱਲ ਚੰਗੀ ਤਰ੍ਹਾਂ ਯਾਦ ਰੱਖਣੀ ਚਾਹੀਦੀ ਹੈ ਕਿ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਸ. ਸੁਰਜੀਤ ਸਿੰਘ ਬਰਨਾਲਾ ਨੂੰ ਧਾਰਮਿਕ ਸਭਾ ਅਨੁਸਾਰ ਪੰਥ ਵਿੱਚੋਂ ਛੇਕ ਚੁੱਕਾ ਹੈ ਅਤੇ ਫਿਰ ਆਪਣੇ ਹੀ ਕਾਰਜਕਾਲ ਸਮੇਂ ਪੰਥ ਵਿੱਚ ਵਾਪਸ ਮੁੜ ਸ਼ਾਮਲ ਕਰ ਚੁੱਕਾ ਹੈ। ਇਸ ਲਈ ਹੁਣ ਪ੍ਰੋ. ਦਰਸ਼ਨ ਸਿੰਘ ਦਾ ਸ੍ਰੀ ਅਕਾਲ ਤਖਤ ਸਾਹਿਬ ਤੋਂ ਬਾਗੀ ਹੋਣਾ ਉਨ੍ਹਾਂ ਨੂੰ ਇਸ ਗੱਲ ਦਾ ਅਹਿਸਾਸ ਕਰਵਾ ਰਿਹਾ ਕਿ ਸ਼ਾਇਦ ਉਨ੍ਹਾਂ ਦਾ ਵੀ ਐਸਾ ਹੀ ਕੁੱਝ ਹਸ਼ਰ ਹੋਣ ਵਾਲਾ ਹੈ। ਪ੍ਰੋ. ਸਾਹਿਬ ਤੁਸੀਂ ਖੁਦ ਇਹ ਗੱਲ ਭਲੀਭਾਂਤ ਜਾਣਦੇ ਹੋ ਕਿ ਸਿੱਖ ਗੁਰੂ ਸਾਹਿਬਾਨ, ਸਿੱਖ ਧਰਮ ਅਤੇ ਸ੍ਰੀ ਅਕਾਲ ਤਖਤ ਤੋਂ ਮੂੰਹ ਮੋੜਨ ਵਾਲੇ ਨੂੰ ਹਮੇਸ਼ਾਂ ਹੀ ਪੰਥਕ ਮਰਿਯਾਦਾ ਅਨੁਸਾਰ ਸਜਾ ਮਿਲਦੀ ਰਹੀ ਹੈ।

ਕਠਪੁਤਲੀ ਨਹੀਂ ਬਣਾਂਗਾ- ਗਡਕਰੀ

ਨਵੀਂ ਦਿੱਲੀ, 24 ਜਨਵਰੀ (ਵਿਸ਼ਵ ਵਾਰਤਾ)-ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਪ੍ਰਧਾਨ ਨਿਤਿਨ ਗਡਕਰੀ ਨੇ ਸਾਫ਼ ਕੀਤਾ ਹੈ ਕਿ ਉਹ ਕਦੇ ਵੀ ਕਠਪੁਤਲੀ ਨਹੀਂ ਬਣਨਗੇ। ਉਹਨਾਂ ਕਿਹਾ- ਮੈਨੂੰ ਪਾਰਟੀ ਦੇ ਸਾਰੇ ਸੀਨੀਅਰ ਨੇਤਾਵਾਂ ਦਾ ਸਮਰਥਨ ਹੈ ਅਤੇ ਅਰੁਣ ਜੇਤਲੀ ਅਤੇ ਸੁਸ਼ਮਾ ਸਵਰਾਜ ਵਰਗੇ ਨੇਤਾ ਉਹਨਾਂ ਨੂੰ ਕਠਪੁਤਲੀ ਬਣਾਉਣ ਦਾ ਯਤਨ ਨਹੀਂ ਕਰ ਰਹੇ ਹਨ। ਭਾਜਪਾ ਪ੍ਰਧਾਨ ਨੇ ਇੱਕ ਟੀ.ਵੀ. ਚੈਨਲ ਨੂੰ ਦਿੱਤੀ ਇੰਟਰਵਿਊ ਵਿੱਚ ਇਸ ਗੱਲ ਤੋਂ ਇਨਕਾਰ ਕੀਤਾ ਕਿ ਜੇਤਲੀ ਅਤੇ ਸੁਸ਼ਮਾ ਸਵਰਾਜ ਉਹਨਾਂ ਨੂੰ ਆਪਣੇ ਹਿਸਾਬ ਨਾਲ ਚੱਲਣ ਦਾ ਯਤਨ ਕਰ ਰਹੇ ਹਨ। ਗਡਕਰੀ ਨੇਕਿਹਾ ਕਿ ਉਹਨਾਂ ਦਾ ਅਜਿਹਾ ਕੋਈ ਇਰਾਦਾ ਨਹੀਂ ਹੈ। ਉਹ ਲੋਕ ਮੈਨੂੰ ਜਾਣਦੇ ਹਨ ਅਤੇ ਮੈਂ ਉਹਨਾਂ ਨੂੰ ਜਾਣਦਾ ਾਂ। ਮੈਂ ਕਦੇ ਕਠਪੁਤਲੀ ਨਹੀਂ ਬਣਾਂਗਾ। ਸਵਰਾਜ, ਜੇਤਲੀ, ਵੈਂਕੇਯਾ ਨਾਇਡੂ ਅਤੇ ਅਨੰਤ ਕੁਮਾਰ ਵਰਗੇ ਨੇਤਾਵਾਂ ਵਿੱਚ ਗਡਕਰੀ ਨੇ ਕਿਹਾ ਕਿ ਸਾਰੇ ਨੇਤਾਵਾਂ ਦੇ ਪੂਰਨ ਸਮਰਥਨ ਹੋਣ ਬਾਰੇ ਪੁੱਛੇ ਗਏ ਇੱਕ ਸਵਾਲ ਦੇ ਜਵਾਬ ਵਿੱਚ ਗਡਕਰੀ ਨੇ ਕਿਹਾ ਕਿ ਸਾਰੇ ਨੇਤਾ ਮੇਰੇ ਨਾਲ ਹਨ। ਉਹ ਸਾਰੇ ਦਿਲ ਤੋਂ ਮੇਰਾ ਸਮਰਥਨ ਕਰ ਰਹੇ ਹਨ ਅਤੇ ਉਹ ਬਹੁਤ ਸਹੀ ਤਰੀਕੇ ਨਾਲ ਮੇਰ ਮਾਰਗ-ਦਰਸ਼ਨ ਕਰ ਰਹੇ ਹਨ।

ਸੇਵਾ ਮੁਕਤੀ ਦੀ ਉਮਰ ਤਾਂ ਵੱਧ ਗਈ

ਭਾਜਪਾ 'ਚ ਫ਼ਿਰ ਉਭਰੀ ਬਗਾਵਤੀ ਸੁਰ

ਚੰਡੀਗੜ੍ਹ, 24 ਜਨਵਰੀ (ਹਰੀਸ਼ ਚੰਦਰ ਬਾਗਾਂਵਾਲਾ)-ਸੁਖਬੀਰ ਸਿੰਘ ਬਾਦਲ ਅਤੇ ਮਨੋਰੰਜਨ ਕਾਲੀਆ ਦੋ ਮੈਂਬਰੀ ਕਮੇਟੀ ਵੱਲੋਂ ਜੋ ਸਰਕਾਰੀ ਮੁਲਾਜ਼ਮਾਂ ਦੀ ਸੇਵਾ ਮੁਕਤੀ ਦੀ ਉਮਰ ਵਧਾਉਣ ਦੀ ਸਿਫਾਰਸ਼ 58 ਤੋਂ 60 ਸਾਲ ਕਰਨ ਦੀ ਸਿਫਾਰਸ਼ ਦਾ ਕਈ ਅਕਾਲੀ ਅਤੇ ਭਾਜਪਾ ਵਿਧਾਇਕਾਂ ਨੇ ਵਿਰੋਧ ਕੀਤਾ। ਇੱਥੇ ਹੀ ਬੱਸ ਨਹੀਂ ਜਿਹੜੀ ਮੁਲਾਜ਼ਮਾਂ ਨੂੰ ਸੇਵਾ ਕਾਲ ਨੂੰ ਇਕ ਸਾਲ ਵੀ ਵਧਾ ਕੇ 59 ਸਾਲ ਕੀਤਾ ਹੈ, ਯਾਨੀ ਕਿ ਇੱਕ ਸਾਲ ਐਕਸਟੈਂਨਸ਼ਨ ਦਿੱਤੀ ਦੱਸੀ ਗਈ ਹੈ, ਉਸ ਦਾ ਵੀ ਮੰਤਰੀ ਮੰਡਲ ਵਿੱਚ ਦੀ ਬੈਠਕ ਵਿੱਚ ਬਹੁਤੇ ਮੰਤਰੀਆਂ ਨੇ ਵਿਰੋਧ ਹੀ ਕੀਤਾ ਹੈ। ਭਰੋਸੇਯੋਗ ਸੂਤਰਾਂ ਤੋਂ ਪਤਾ ਲੱਗਾ ਹੈ ਕਿ ਇਸ ਕਮੇਟੀ ਦੀਆਂ ਕਈ ਸਿਫਾਰਸ਼ਾਂ ਤੋਂ ਮੰਤਰੀ ਕਾਫੀ ਖਫਾ ਹਨ, ਜਿਨ੍ਹਾਂ ਕੁਝ ਮੱਦਾਂ ਵਿੱਚ ਕਾਫੀ ਵਾਧਾ ਕੀਤਾ ਗਿਆ ਸੀ। ਸੇਵਾ ਮੁਕਤੀ ਅਤੇ ਬੱਸਾਂ ਦੇ ਕਿਰਾਏ ਭਾੜੇ ਵਿੱਚ ਵਾਧਾ ਅਤੇ ਕਿਸਾਨਾਂ 'ਤੇ ਲਗਾਇਆ ਜਾ ਰਿਹਾ ਬਿਜਲੀ ਬਿੱਲ ਤੇ ਕਈ ਮੰਤਰੀ ਕਾਫੀ ਨਰਾਜ਼ ਤੇ ਖਫਾ ਸਨ। ਮੰਤਰੀਆਂ ਦਾ ਕਹਿਣਾ ਸੀ ਕਿ ਸਿਫਾਰਸ਼ਾਂ ਅਕਾਲੀ ਦਲ ਦੇ ਚੋਣ ਮੈਨੀਫੈਸਟੋ ਤੋਂ ਉਲਟ ਹਨ। ਕੁਝ ਕੈਬਨਿਟ ਮੰਤਰੀ ਦੀ ਸੇਵਾ ਮੁਕਤੀ ਦੀ ਸੇਵਾ ਕਾਲ ਦੋ ਸਾਲ ਦੇ ਵਾਧੇ ਨਾਲ ਗਜਟ ਦੇ ਬੇਰੁਜ਼ਗਾਰ ਵਰਗ ਵਿੱਚ ਭਾਰੀ ਰੋਹ ਦਾ ਵਾਤਾਵਰਣ ਬਣੇਗੀ। ਜੋ ਸਰਕਾਰ ਪ੍ਰਤੀ ਆਪਣਾ ਗੁੱਸਾ ਕਿਸੇ ਸਮੇਂ ਵੀ ਪ੍ਰਗਟ ਕਰਨਗੇ। ਇੱਕ ਮੰਤਰੀ ਦਾ ਕਹਿਣਾ ਸੀ ਕਿ ਉਮਰ ਦੀ ਹੱਦ ਵਧਾਉਣ ਨਾਲ ਸਰਕਾਰੀ ਕਾਰਜਸ਼ੈਲੀ ਵਿੱਚ ਕੋਈ ਤੇਜ਼ੀ ਤੇ ਤਬਦੀਲੀ ਨਹੀਂ ਆਵੇਗੀ। ਇਸ ਦੇ ਉਲਟ ਜਿਹੜੇ ਅਧਿਕਾਰੀਆਂ ਅਤੇ ਕਰਮਚਾਰੀਆਂ ਦੀ ਤਰੱਕੀ ਹੋਣੀ ਹੈ। ਉਹ ਵੀ ਦੋ ਸਾਲ ਤੱਕ ਲਈ ਰੁਕ ਜਾਵੇਗੀ। ਜਦੋਂ ਕਿ ਮੁਲਾਜਮ ਵਰਗ ਵਿੱਚ ਅਸੰਤੋਸ਼ ਦਾ ਮਾਹੌਲ ਹੋਰ ਗਰੁੱਪ ਹੋਣਗੇ। ਇਸ ਲਈ ਇਸ ਦੋ ਮੈਂਬਰੀ ਕਮੇਟੀ ਦੀ ਸਿਫਾਰਸ਼ਾਂ ਤੇ ਅਮਲ ਨਾ ਕੀਤਾ ਜਾਵੇ ਜੋ ਇਸ ਵਿੱਚ ਸੋਧ ਕੀਤੀ ਜਾਵੇ। ਆਖਰ ਸੇਵਾ ਕਾਲ ਦੇ ਵਾਧੇ ਨੂੰ ਸਿਰਪ ਇੱਕ ਸਾਲ ਸਰਵਿਸ ਵਿੱਚ ਐਕਸਟੈਂਨਸ਼ਨ ਦੇ ਰੂਪ ਵਿੱਚ ਵਧਾਇਆ ਗਿਆ। ਇਹ (ਬਾਕੀ ਸਫਾ 2 'ਤੇ)

ਗਣਤੰਤਰ ਦਿਵਸ ਵਿਸ਼ੇਸ਼ ਸਪਲੀਮੈਂਟ ਭਲਕੇ

26 ਜਨਵਰੀ ਨੂੰ ਗਣਤੰਤਰ ਦਿਵਸ ਦੇ ਮੌਕੇ 'ਤੇ ਜੀਰਾ (ਫ਼ਿਰੋਜ਼ਪੁਰ), ਦੋਦਾ (ਮੁਕਤਸਰ) ਸਬੰਧੀ ਬਹੁ ਰੰਗੀ ਵਿਸ਼ੇਸ਼ ਸਪਲੀਮੈਂਟ ਕੱਢਿਆ ਜਾ ਰਿਹਾ ਹੈ। ਇਸ ਸਪਲੀਮੈਂਟ ਵਿੱਚ ਇਸ਼ਤਿਹਾਰ, ਸੰਦੇਸ਼ ਅਤੇ ਹੋਰ ਸਮੱਗਰੀ ਦੇਣ ਲਈ ਸਾਡੇ ਵਿਸ਼ੇਸ਼ ਪ੍ਰਤੀਨਿਧ ਜ਼ੀਰਾ ਤੋਂ ਡਾ. ਦੀਪ ਗਗਨ ਗੁਪਤਾ, ਮਹਿੰਦਰ ਪਾਲ ਗਰੋਵਰ ਪੁਰਾਣੀ ਤਲਵੰਡੀ ਰੋਡ ਜ਼ੀਰਾ ਫੋਨ ਨੰਬਰ 94170-52567 ਅਤੇ ਦੋਦਾ ਸਥਿਤ ਪੱਤਰਕਾਰ ਪ੍ਰਕਾਸ਼ ਸਿੰਘ ਗਿੱਲ ਫੋਨ ਨੰਬਰ 98555-04665 'ਤੇ ਸੰਪਰਕ ਕੀਤਾ ਜਾ ਸਕਦਾ ਹੈ।
-ਮੈਨੇਜਰ

ਬਾਰਸ਼ ਨਾ ਹੋਣ ਕਾਰਨ ਸਰਦੀਆਂ ਵਿੱਚ ਵੀ ਬਿਜਲੀ ਦੀ ਮੰਗ ਵਧੀ-ਇੰਜ.ਬਰਾੜ

ਗੁਰਦੁਆਰਾ ਸਿੰਘਪੁਰਾ ਸਾਹਿਬ ਕੁੱਬੇ ਵਿਖੇ ਇੰਜ. ਬਰਾੜ ਦਾ ਸਨਮਾਨ

ਪੰਜਾਬ ਰਾਜ ਬਿਜਲੀ ਬੋਰਡ ਦੇ ਚੇਅਰਮੈਨ ਹਰਦਿੰਰਪਾਲ ਸਿੰਘ ਬਰਾੜ ਨੂੰ ਸ੍ਰੀ ਸਾਹਿਬ ਦੇ ਕੇ ਸਨਮਾਨਿਤ ਕਰਦੇ ਹੋਏ ਸੰਤ ਬਾਬਾ ਬੂਟਾ ਸਿੰਘ ਗੁੜਥੜੀ ਵਾਲੇ। ਫੋਟੋ: ਬੰਗੜ

ਧਨੌਲਾ, 24 ਜਨਵਰੀ (ਦਰਸ਼ਨ ਸਿੰਘ ਬੰਗੜ)- ਪੰਜਾਬ ਰਾਜ ਬਿਜਲੀ ਬੋਰਡ ਦੇ ਚੇਅਰਮੈਨ ਸ. ਐੱਚ.ਐੱਸ. ਬਰਾੜ ਨੇ ਨੇੜਲੇ ਪਿੰਡ ਕੁੱਬੇ ਦੇ ਗੁਰਦੁਆਰਾ ਸਿੰਘਪੁਰਾ ਸਾਹਿਬ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪਿਛਲੇ ਸਾਲ ਨਾਲੋਂ ਇਸ ਵਾਰ ਗਰਮੀਆਂ ਅਤੇ ਸਰਦੀਆਂ ਵਿਚ ਬਾਰਸ਼ ਘੱਟ ਹੋਣ ਕਾਰਨ ਭਾਖੜਾ ਡੈਮ ਵਿਚ ਪਾਣੀ ਦਾ ਲੈਬਲ ਨੀਵਾ ਜਾਣ ਨਾਲ ਬੀਤੇ ਦਿਨ 75 ਲੱਖ ਯੂਨਿਟ ਬਿਜਲੀ ਘੱਟ ਪੈਦਾ ਹੋਈ ਹੈ ਜੋ ਕਿ 300 ਮੈਗਾਵਾਟ ਬਣਦੀ ਹੈ। ਸ. ਬਰਾੜ ਨੇ ਕਿਹਾ ਕਿ ਜਿੰਨੀ ਬਿਜਲੀ ਦੀ ਖਪਤ ਪਿਛਲੇ ਸਾਲ ਨਾਲੋਂ ਇਸ ਵਾਰ ਬਾਰਸ਼ ਨਾ ਹੋਣ ਕਾਰਨ ਸਰਦੀਆਂ ਵਿਚ ਵੀ ਬਿਜਲੀ ਦੀ ਮੰਗ ਵਧੀ ਹੈ। ਅਸੀ ਖਪਤਕਾਰਾਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਦਿਆਂ ਇਸ ਵਾਰ ਅਨੁਮਾਨ ਲਗਾਇਆ ਹੈ ਕਿ ਪਿਛਲੇ ਸਾਲ ਨਾਲੋਂ ਇਸ ਸਾਲ ਬਾਰਸ਼ਾਂ 26 ਪ੍ਰਤੀਸਤ ਘੱਟ ਹੋਈਆਂ ਹਨ। ਜਦੋਂ ਕਿ ਪੰਜਾਬ ਅੰਦਰ ਬਿਜਲੀ ਦੀ ਕਮੀ ਨੂੰ ਪੂਰਾ ਕਰਨ ਲਈ ਪੰਜਾਬ ਸਰਕਾਰ ਵਲੋਂ ਜਲਦੀ ਹੀ ਬਿਜਲੀ ਦੇ ਚਾਰ ਥਰਮਲ ਪਲਾਟ ਲਗਾਏ ਜਾ ਰਹੇ ਹਨ ਜਿਸ ਵਿਚ ਤਲਵੰਡੀ ਸਾਬੋਕੇ ਵਿਖੇ 1980 ਮੈਗਾਵਾਟ ਜਿਸ ਦੀ 1960 ਕਰੋੜ ਰੁਪਏ ਦੀ ਰਾਸ਼ੀ ਜਮ੍ਹਾਂ ਹੋ ਚੁੱਕੀ ਹੈ ਇਸੇ ਤਰ੍ਹਾਂ ਸ੍ਰੀ ਗੋਇੰਦਵਾਲ ਸਾਹਿਬ ਵਿਖੇ 540 ਮੈਗਾਵਾਟ ਦਾ ਥਰਮਲ ਪਲਾਂਟ ਜੋ ਫਰਵਰੀ ਮਹੀਨੇ ਵਿਚ ਸ਼ੁਰੂ ਹੋ ਜਾਵੇਗਾ। ਰਾਜਪੁਰਾ ਵਿਖੇ 1320 ਮੈਗਾਵਾਟ ਅਤੇ ਗਿੱਦੜਵਾਹਾ ਵਿਖੇ 2640 ਮੈਗਾਵਾਟ ਦਾ ਪਲਾਂਟ ਲਗਾਉਣ ਲਈ ਬਿਜਲੀ ਵਿਭਾਗ ਵਲੋਂ ਕੇਂਦਰ ਸਰਕਾਰ ਤੋਂ ਮਨਜ਼ੂਰੀ ਲੈਣ ਲਈ ਫਾਇਲ ਭੇਜੀ ਗਈ ਹੈ ਜਿਸ ਦੀ ਮਨਜ਼ੂਰੀ ਮਿਲਣ ਉਪਰੰਤ ਕੰਮ ਸ਼ੁਰੂ ਕਰ ਦਿੱਤਾ ਜਾਵੇਗਾ। ਸ. ਬਰਾੜ ਨੇ ਅੱਗੇ ਦੱਸਿਆ ਕਿ ਉਕਤ ਚਾਰੇ ਬਿਜਲੀ ਥਰਮਲ ਪਲਾਂਟ ਦੇ ਬਿਜਲੀ ਪੈਦਾ ਕਰਨ ਨਾਲ ਕਿਸਾਨ, ਵਪਾਰੀ ਅਤੇ ਆਮ ਵਰਗ ਨੂੰ ਵੱਡੀ ਰਾਹਤ ਮਿਲੇਗੀ। ਉਨ੍ਹਾਂ ਦੱਸਿਆ ਕਿ ਲੱਗਣ ਵਾਲੇ ਇਨ੍ਹਾਂ ਥਰਮਲ ਪਲਾਂਟਾਂ ਨਾਲ ਸਰਕਾਰ ਨੂੰ ਦੂਸਰੇ ਰਾਜਾ ਤੋਂ ਬਿਜਲੀ ਖਰੀਦਣੀ ਨਹੀਂ ਪਵੇਗੀ। ਵਿਭਾਗ ਵਲੋਂ ਘਰੇਲੂ ਅਤੇ ਕਿਸਾਨਾਂ ਦੀਆਂ ਮੋਟਰਾਂ ਦੇ ਬਿਜਲੀ ਮੀਟਰ ਬਾਹਰ ਲਾਉਣ ਸਬੰਧੀ ਬੋਲਦਿਆਂ ਸ. ਬਰਾੜ ਨੇ ਕਿਹਾ ਕਿ ਇਸ ਨਾਲ ਹੋ ਰਹੀਂ ਬਿਜਲੀ ਚੋਰੀ ਨੂੰ ਰੋਕਣ 'ਚ ਬਿਜਲੀ ਬੋਰਡ ਨੂੰ ਵੱਡੀ ਰਾਹਤ ਮਿਲੀ ਹੈ। ਉਨ੍ਹਾਂ ਕਿਸਾਨ ਯੂਨੀਅਨਾਂ ਨੂੰ ਵੀ ਅਪੀਲ ਕਰਦਿਆਂ ਕਿਹਾ ਕਿ ਬਿਜਲੀ ਮੀਟਰ ਬਾਹਰ ਲਾਉਣ ਦਾ ਵਿਰੋਧ ਕਰਨ ਦੀ ਬਜਾਏ ਵਿਭਾਗ ਦਾ ਸਾਥ ਦੇਣਾ ਚਾਹੀਦਾ ਹੈ। ਇਸ ਮੌਕੇ ਇਕੱਤਰ ਹੋਏ ਧਨੌਲਾ ਵਾਸੀਆਂ ਡਾ. ਸੁਰਿੰਦਰ ਸਨੀ ਸਦਿਓੜਾ, ਗਿਆਨ ਚੰਦ (ਬਾਕੀ ਸਫਾ 2 'ਤੇ)

ਉੱਤਰ ਰੇਲਵੇ ਵੱਲੋਂ ਪ੍ਰਮੁੱਖ ਪੈਸੰਜਰ ਗੱਡੀਆਂ 31 ਜਨਵਰੀ ਤੱਕ ਰੱਦ

ਸੰਘਣੀ ਧੁੰਦ ਕਾਰਨ ਵੀ ਉਡਾਨਾਂ ਪ੍ਰਭਾਵਿਤ

ਜਲੰਧਰ, 24 ਜਨਵਰੀ (ਮਲਕੀਤ ਸਿੰਘ ਬਰਾੜ)- ਉੱਤਰ ਰੇਲਵੇ ਵੱਲੋਂ ਦੋ ਪ੍ਰਮੁੱਖ ਪੈਸੰਜਰ ਗੱਡੀਆਂ ਜਿਨ੍ਹਾਂ 'ਚ ਦਿੱਲੀ-ਫਿਰੋਜ਼ਪੁਰ, ਜੈਤੋ-ਬਠਿੰਡਾ ਵਿਚਕਾਰ ਚੱਲਣ ਵਾਲੀਆਂ 341 ਅੱਪ ਅਤੇ 342 ਡਾਊਨ ਸ਼ਾਮਲ ਹਨ ਨੂੰ 31 ਜਨਵਰੀ ਤੱਕ ਰੱਦ ਕਰ ਦਿੱਤਾ ਗਿਆ ਹੈ। ਇਹ ਜਾਣਕਾਰੀ ਉਤਰ ਰੇਲਵੇ ਦੇ ਸੂਤਰਾਂ ਨੇ ਅੱਜ ਜੈਤੋ ਵਿੱਚ ਦਿੰਦਿਆਂ ਦੱਸਿਆ ਕਿ ਪਹਿਲਾਂ ਇਹ ਗੱਡੀਆਂ ਬੀਤੀ 3 ਜਨਵਰੀ ਤੋਂ 16 ਜਨਵਰੀ ਤੱਕ ਰੱਦ ਕੀਤੀਆਂ ਗਈਆਂ ਸਨ ਅਤੇ ਬਾਅਦ ਵਿੱਚ ਇਹ ਗੱਡੀਆਂ 23 ਜਨਵਰੀ ਤੱਕ ਰੱਦ ਕਰਨ ਦਾ ਆਦੇਸ਼ ਮਿਲਿਆ। ਸੂਤਰਾਂ ਅਨੁਸਾਰ ਹੁਣ ਇਹ ਦੋਵੇਂ ਗੱਡੀਆਂ ਰੱਦ ਰਹਿਣ ਦੀ ਮਿਆਦ 31 ਜਨਵਰੀ ਤੱਕ ਵਧਾ ਦਿੱਤੀ ਗਈ ਹੈ। ਮੰਨਿਆ ਜਾ ਰਿਹਾ ਹੈ ਕਿ ਇਹ ਗੱਡੀਆਂ ਭਾਰੀ ਧੁੰਦ ਕਾਰਨ ਰੱਦ ਕੀਤੀਆਂ ਗਈਆਂ ਹਨ। ਉਤਰ ਰੇਲਵੇ ਯਾਤਰੀ ਵੈਲਫੇਅਰ ਸੰਘ ਨੇ ਕਿਹਾ ਹੈ ਕਿ ਇਹਨਾਂ ਗੱਡੀਆਂ ਦੇ ਰੱਦ ਹੋਣ ਨਾਲ ਆਮ ਮੁਸਾਫਿਰਾਂ ਨੂੰ ਭਾਰੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਕਿਉਂਕਿ ਫਿਰੋਜ਼ਪੁਰ ਤੋਂ ਦਿੱਲੀ ਬਰਾਸਤਾ, ਜੈਤੋ-ਬਠਿੰਡਾ ਇਹ ਪੈਸੰਜਰ ਗੱਡੀਆਂ ਹੈ ਜੋ ਇਸ ਰੂਟ 'ਤੇ ਚਲਦੀ ਹੈ। ਇਸ ਤੋਂ ਇਲਾਵਾ ਹੋਰ ਕੋਈ ਪੈਸੰਜਰ ਗੱਡੀ ਦਿੱਲੀ ਨੂੰ ਨਹੀਂ ਜਾਂਦੀ ਹੈ। ਅੱਜ ਫਿਰ ਰਾਜਧਾਨੀ ਵਿੱਚ ਸੰਘਣੀ ਧੁੰਦ ਕਾਰਨ ਇੰਦਰਾ ਗਾਂਧੀ ਅੰਤਰ-ਰਾਸ਼ਟਰੀ ਹਵਾਈ ਅੱਡੇ 'ਤੇ ਲਗਾਤਾਰ ਛੇਵੇਂ ਦਿਨ ਜਹਾਜ਼ਾਂ ਦੀ ਆਵਾਜਾਈ ਪ੍ਰਭਾਵਿਤ ਹੋਈ ਅਤੇ ਯਾਤਰੀਆਂ ਨੂੰ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪਿਆ। ਹਵਾਈ ਅੱਡੇ ਦੇ ਇੱਕ ਅਧਿਕਾਰੀ ਨੇ (ਬਾਕੀ ਸਫਾ 2 'ਤੇ)

ਝੂਠਾਂ ਦੀ ਪੰਡ ਅਤੇ ਪੱਤਰਕਾਰਤਾ ਦੀ ਚਗਲ 'ਸਪੋਕਸਮੈਨ' ਦਾ ਗਪੋੜ ਸੰਖ ਫੜਿਆ ਗਿਆ

ਜਲੰਧਰ, 24 ਜਨਵਰੀ (ਅ.ਬ.) ਝੂਠ ਦੀ ਪੰਡ ਨਾਲ ਦੁਕਾਨਦਾਰੀ ਚਲਾਉਂਦੇ ਹੋਏ ਪੰਜਾਬੀ ਜੀਵਨ ਵਿਚ ਦੁਰਗੰਧ ਫ਼ੈਲਾਅ ਕੇ ਅਤੇ ਭੰਬਲਭੂਸਾ ਪੈਦਾ ਕਰਕੇ ਪੰਜਾਬ ਦੇ ਸਮਾਜਿਕ ਅਤੇ ਧਾਰਮਿਕ ਤਾਣੇ-ਬਾਣੇ ਨੂੰ ਤਾਰ-ਤਾਰ ਕਰਨ ਦੀ ਕੋਸ਼ਿਸ਼ ਕਰ ਰਹੇ ਮੁਹਾਲੀ ਤੋਂ ਕੇਵਲ ਚੰਦ ਕੁ ਹਜ਼ਾਰ ਦੀ ਗਿਣਤੀ ਵਿਚ ਛਪਦੇ ਇਕ ਪੰਜਾਬੀ ਅਖ਼ਬਾਰ ਸਪੋਕਸਮੈਨ ਦਾ ਆਨ ਲਾਈਨ ਅਡੀਸ਼ਨ 'ਚ ਅੱਗੇ ਲੰਘ ਜਾਣ ਦਾ ਦਾਅਵਾ ਗਪੋੜ ਸੰਖ ਸਾਬਤ ਹੋਇਆ। ਤੱਥ ਅਤੇ ਦਸਤਾਵੇਜ਼ੀ ਸਬੂਤ ਇਸ ਅਖ਼ਬਾਰ ਦੇ ਦਾਅਵੇ ਨੂੰ ਬੁਰੀ ਤਰ੍ਹਾਂ ਝੁਠਲਾ ਰਹੇ ਹਨ...

ਪੂਰੀ ਖ਼ਬਰ ਸਫ਼ਾ 3 'ਤੇ ਪੜ੍ਹੋ